[illegible]ਤ : 5000/- ਰੁਪਏ + 18% GST

# ਬੇਨਤੀ-ਪੱਤਰ ਯੂਨੀਵਰਸਿਟੀ ਨੂੰ ਪੇਸ਼ ਕਰਨ ਦੀ ਆਖਰੀ ਤਾਰੀਖ ਹਰ ਸਾਲ ਦੀ ਪਹਿਲੀ ਅਕਤੂਬਰ

ਕ੍ਰਮਾਂਕ ...................

ਡੀਨ, ਕਾਲਜ ਵਿਕਾਸ ਕੌਂਸਲ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

**ਵਿਸ਼ਾ : ਨਵਾਂ ਕਾਲਜ ਖੋਲ੍ਹਣ ਸੰਬੰਧੀ ਆਰਜ਼ੀ ਸਬੰਧਤਾ ਲਈ ਬੇਨਤੀ-ਪੱਤਰ।**

ਸ੍ਰੀਮਾਨ ਜੀ,

ਮੈਂ ................................................................... (ਸੰਸਥਾ ਦਾ ਨਾਂ) ਦੇ ਚੇਅਰਮੈਨ/ਪ੍ਰਧਾਨ ਦੀ ਹੈਸੀਅਤ ਵਿਚ ਯੂਨੀਵਰਸਿਟੀ ਦੁਆਰਾ ਨਿਰਧਾਰਤ ਪ੍ਰੋਫ਼ਾਰਮੇ ਉਤੇ ਅੰਕਿਤ ਸੂਚਨਾ ਭੇਜਦੇ ਹੋਏ ਬੇਨਤੀ ਕਰਦਾ ਹਾਂ ਕਿ ਸਾਡੇ ਵਲੋਂ ਨਵੇਂ ਖੋਲ੍ਹੇ ਜਾ ਰਹੇ ਕਾਲਜ ਨੂੰ ਸੈਸ਼ਨ ............................ ਤੋਂ ਯੂਨੀਵਰਸਿਟੀ ਵਲੋਂ ਸਬੰਧਤਾ ਪ੍ਰਦਾਨ ਕੀਤੀ ਜਾਵੇ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਸ਼ਰਤਾਂ ਅਤੇ ਸਮੇਂ-ਸਮੇਂ ਬਣਾਏ ਨਿਯਮਾਂ ਅਤੇ ਫੈਸਲਿਆਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੇ ਪਾਬੰਦ ਹੋਵਾਂਗਾ/ਹੋਵਾਂਗੀ :

1. Management shall deposit an Endowment Fund (syndicate dt. 3.8.2010. para no. 8.26) of Rs. ....................... in form of FDR in favour of Dean, College Development Council. Punjabi University, Patiala for starting Arts/Science/Commerce/I.T./Professional College. details are as under:

| **ਇੰਡੋਮੈਂਟ ਫੰਡ** | **ਰਕਮ** |
|---|---|
| ਆਰਟਸ/ਸਾਇੰਸ/ਵਣਜ ਆਦਿ (ਲੜਕਿਆਂ/ਸਾਂਝੀ ਵਿਦਿਆ ਦਾ ਕਾਲਜ) | 20 ਲੱਖ ਰੁਪਏ |
| (ਆਰਟਸ/ਸਾਇੰਸ/ਵਣਜ ਆਦਿ (ਲੜਕੀਆਂ ਲਈ) | 10 ਲੱਖ ਰੁਪਏ |
| ਸਬੰਧਤ ਕਾਲਜਾਂ ਵਿਖੇ ਡਿਗਰੀ ਦੀ ਪੱਧਰ ਤੱਕ ਗ੍ਰਹਿ ਵਿਗਿਆਨ ਇੱਕ ਵਿਸ਼ੇ ਵੱਜੋਂ ਚਾਲੂ ਕਰਨ ਲਈ ਵੱਖਰਾ/ਅਤਿਰਿਕਤ ਇੰਡੋਮੈਂਟ ਫੰਡ | 1 ਲੱਖ ਰੁਪਏ |
| ਬੀ.ਕਾਮ./ਆਰਟਸ/ਸਮਾਜਿਕ ਵਿਗਿਆਨ ਦੇ ਵਿਸ਼ਿਆਂ ਲਈ ਪੋਸਟ ਗ੍ਰੈਜੂਏਟ ਜਮਾਤਾਂ ਦੀ ਸੂਰਤ ਵਿੱਚ ਹਰਿਕ ਲਈ ਅਤਿਰਿਕਤ ਇੰਡੋਮੈਂਟ ਫੰਡ | 80 ਹਜਾਰ ਰੁਪਏ |
| **ਸਰੀਰਕ ਸਿੱਖਿਆ ਕਾਲਜ ਲਈ** | |
| 50 ਵਿਦਿਆਰਥੀਆਂ ਦੀ ਇੱਕ ਯੂਨਿਟ ਲਈ | 6 ਲੱਖ |
| ਹਰੇਕ ਯੂਨਿਟ ਵਿੱਚ 50 ਵਿਦਿਆਰਥੀਆਂ ਦੀਆਂ ਦੋ ਯੂਨਿਟਾਂ ਲਈ | 8 ਲੱਖ |
| ਹਰੇਕ ਯੂਨਿਟ ਵਿੱਚ 50 ਵਿਦਿਆਰਥੀਆਂ ਦੀਆਂ ਤਿੰਨ ਯੂਨਿਟਾਂ ਲਈ | 10 ਲੱਖ |
| ਹਰੇਕ ਯੂਨਿਟ ਵਿੱਚ 50 ਵਿਦਿਆਰਥੀਆਂ ਦੀਆਂ ਚਾਰ ਯੂਨਿਟਾਂ ਲਈ | 11 ਲੱਖ |

ਨੋਟ : ਉਕਤ ਤੋਂ ਇਲਾਵਾ ਕਾਲਜ ਦੀ ਸਬੰਧਤਾ ਫੀਸ ਅਤੇ ਕਾਲਜ ਵੱਲੋਂ ਮੰਗੇ ਗਏ ਕੋਰਸਾਂ ਦੀ ਸਬੰਧਤਾ ਫੀਸ ਵੀ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ, ਜਿਸ ਸਬੰਧੀ ਪ੍ਰਪੋਜ਼ਡ ਕਾਲਜ ਦਾ ਮੁਆਇਨਾ ਕਰਨ ਉਪਰੰਤ ਮੁਆਇਨਾ ਕਮੇਟੀ ਵੱਲੋਂ ਕੀਤੀਆਂ ਗਈਆਂ ਸ਼ਿਫਾਰਸ਼ਾਂ ਦੀ ਲੋਅ ਵਿੱਚ ਸੰਸਥਾ ਨੂੰ ਵੱਖਰੇ ਤੋਰ ਤੇ ਸੂਚਿਤ ਕੀਤਾ ਜਾਵੇਗਾ।

2. That the financial resources of the college are such as to make due provision for its continued maintenance. The Management shall ensure that the college has a guaranteed annual income of at least Rs. 10 lacs.

3. That the college shall have a regularly constituted Governing Body, consisting of not more than twenty persons including among others two representatives of University and the Principal of the College. as ex officio member.

4. That the Teaching Staff shall be appointed as per UGC/University norms and qualifications through properly constituted selection committees. The payment of salary will be made as per UGC/University/Punjab Government rules. Other conditions governing the services etc., of the staff will be the same as prescribed by the University so as to ensure efficient conduct of the course(s)/Class(es) etc.. to be undertaken by the college.

5. That the appointment of the teachers (including Principal) shall be got approved from the University as per rules.

6. That due provision will be made for a library, it will be manned by a qualified person as per University/UGC rules.

7. The college shall have adequate arrangements for the sports activities for the students.

8. That where admission is sought in any branch of experimental science, arrangements will be made in conformity with the ordinances, for imparting instruction in that branch of science in a properly equipped laboratory/museum/workshop/Botanical Garden etc.

9. That due provision will, so far as circumstances may permit, be made for the residence of the Principal of the college and some members of the teaching staff in, or near the college campus.

10. The tuition fees and other charges will be charged from the students at the rates as per fee structure for the course prescribed by the University from time to time.

ਯੂਨੀਵਰਸਿਟੀ ਵਲੋਂ ਕਾਲਜ ਨੂੰ ਸਬੰਧਤਾ ਮਿਲਣ ਉਪਰੰਤ ਕਾਲਜ ਦੀ ਪ੍ਰਬੰਧਕ ਕਮੇਟੀ ਵਿਚ ਕੀਤੀ ਗਈ ਕਿਸੇ ਵੀ ਤਬਦੀਲੀ ਵਗੈਰਾ ਅਤੇ ਇਸੇ ਤਰ੍ਹਾਂ ਟੀਚਿੰਗ ਸਟਾਫ ਸਬੰਧੀ ਤਬਦੀਲੀਆਂ ਆਦਿ ਨੂੰ ਤੁਰੰਤ ਹੀ ਯੂਨੀਵਰਸਿਟੀ ਦੇ ਨੋਟਿਸ ਵਿਚ ਲਿਆਂਦਾ ਜਾਵੇਗਾ। ਮੈਂ ਇਹ ਵੀ ਆਸ਼ਵਾਸਨ ਦਿੰਦਾ ਹਾਂ ਕਿ ਯੂਨੀਵਰਸਿਟੀ ਵਲੋਂ ਸਮੇਂ-ਸਮੇਂ ਸਿਰ ਬਣਾਏ ਗਏ ਅਧਿਨਿਯਮਾਂ, ਅਧਿਆਦੇਸ਼ਾਂ, ਨਿਯਮਾਂ ਅਤੇ ਧਾਰਾਵਾਂ ਆਦਿ ਦੀ ਪਾਲਣਾ ਕਾਲਜ ਵਲੋਂ ਸਚੇ ਦਿਲੋਂ ਕੀਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਨਿਯਮਾਂ ਅਧੀਨ ਕਾਲਜ ਵਿਰੁੱਧ ਯੋਗ ਕਾਰਵਾਈ ਕਰ ਸਕੇ ਅਤੇ ਸਬੰਧਤਾ ਵਾਪਸ ਲੈ ਸਕਦੀ ਹੈ।

ਇਸ ਬੇਨਤੀ-ਪੱਤਰ ਦੇ ਨਾਲ ਪ੍ਰੋਸੈਸਿੰਗ ਫੀਸ ਵਜੋਂ 50,000/- ਰੁਪਏ + 18% GST **ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਮ ਤੇ RTGS ਰਾਹੀਂ ((A/C 65257458501, IFSC- SBIN0050009) ਨੰ:** .............................. ਮਿਤੀ .................... ਨਾਲ ਭੇਜਿਆ ਜਾਂਦਾ ਹੈ।

ਆਪਜੀ ਦਾ ਹਿਤੂ

ਪ੍ਰਧਾਨ/ਜਨਰਲ ਸਕੱਤਰ

(ਸੰਸਥਾ ਦੀ ਮੋਹਰ)/ਮਿਤੀ

ਨਾਲ ਨੱਥੀ : ਉਪਰੋਕਤ ਅਨੁਸਾਰ ਅਤੇ ਹੋਰ ਦਸਤਾਵੇਜ਼

**ਮਿਤੀ 1 ਅਕਤੂਬਰ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਅਰਜੀ/ਬੇਨਤੀ ਪੱਤਰ ਨਾਲ ਪ੍ਰੋਸੈਸਿੰਗ ਫੀਸ + 18% GST ਤੋਂ ਇਲਾਵਾ ਯੂਨੀਵਰਸਿਟੀ ਅਕਾਦਮਿਕ ਕੌਂਸਲ ਮਿਤੀ 30.11.2010 ਪੈਰਾ ਨੰ: 8.35 ਸਿੰਡੀਕੇਟ ਮਿਤੀ 20.12.2010 ਪੈਰਾ ਨੰ: 24.38 ਅਤੇ ਅਕਾਦਮਿਕ ਕੌਂਸਲ ਮਿਤੀ 29.05.2012 ਪੈਰਾ ਨੰ: 9.112 ਸਿੰਡੀਕੇਟ ਮਿਤੀ 14.06.2012 ਪੈਰਾ ਨੰ: 30 (30.100) ਦੀ ਲੋਅ ਵਿੱਚ ਹੇਠ ਲਿਖੇ ਅਨੁਸਾਰ ਲੇਟ ਫੀਸ (RTGS ਰਾਹੀਂ) ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ:**

| | | |
|---|---|---|
| | **31 ਅਕਤੂਬਰ ਤੱਕ** | **25,000/-ਰੁ: + 18% GST** |
| | **30 ਨਵੰਬਰ ਤੱਕ** | **50,000/-ਰੁ: + 18% GST** |
| | **31 ਦਸੰਬਰ ਤੱਕ 31** | **1,00,000/-ਰੁ: + 18% GST** |
| | **31 ਜਨਵਰੀ ਤੱਕ** | **1,25,000/-ਰੁ: + 18% GST** |
| | **28 ਫਰਵਰੀ ਤੱਕ** | **1,50,000/-ਰੁ: + 18% GST** |
| | **31 ਮਾਰਚ ਤੱਕ** | **1,75,000/-ਰੁ: + 18% GST** |
| | **30 ਅਪ੍ਰੈਲ ਤੱਕ** | **2,00,000/-ਰੁ: + 18% GST** |

**30 ਅਪ੍ਰੈਲ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਪ੍ਰਤੀਬੇਨਤੀ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।**

# ਨਵੇਂ ਕਾਲਜ ਖੋਲ੍ਹਣ ਤੇ ਯੂਨੀਵਰਸਿਟੀ ਤੋਂ ਆਰਜ਼ੀ ਸਬੰਧਤਾ ਪ੍ਰਾਪਤ ਕਰਨ ਬਾਰੇ ਪ੍ਰੋਫਾਰਮਾ

ਨੋਟ : 1. ਜਿਸ ਸੈਸ਼ਨ ਤੋਂ ਕਾਲਜ ਵਿਖੇ ਦਾਖਲੇ ਕਰਨੇ ਹਨ, ਉਸ ਤੋਂ ਪਹਿਲੇ ਸਾਲ ਦੀ ਇਕ ਅਕਤੂਬਰ ਤੱਕ ਬੇਨਤੀ ਪੱਤਰ ਯੂਨੀਵਰਸਿਟੀ ਦਫਤਰ ਵਿੱਚ ਪੁੱਜ ਜਾਣਾ ਚਾਹੀਦਾ ਹੈ।

2. ਇਸ ਬੇਨਤੀ ਪੱਤਰ ਨਾਲ ਪ੍ਰੋਸੈਸਿੰਗ ਫੀਸ ਵਜੋਂ 50,000 ਰੁਪਏ **+ 18% GST** ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ **RTGS ਰਾਹੀਂ ਜਮਾਂ ਕਰਵਾਉਣ ਉਪਰੰਤ ਰਸੀਦ** ਨੱਥੀ ਕਰਨਾ ਜਰੂਰੀ ਹੈ। ਇਹ ਰਕਮ ਕਿਸੇ ਵੀ ਹਾਲਤ ਵਿਚ ਰੀਫੰਡਏਬਲ/ਐਡਜਸਟੇਬਲ ਨਹੀਂ ਹੈ।

| ਕ੍ਰਮਾਂਕ | | |
|---|---|---|
| 1. | ਕਾਲਜ ਦਾ ਨਾਮ<br>(ਪੂਰਾ ਪਤਾ ਸਮੇਤ ਪਿੰਨ ਕੋਡ, ਈ-ਮੇਲ, ਵੈਬਸਾਈਟ, ਟੈਲੀਫੋਨ ਮੋਬਾਇਲ ਨੰ:) | |
| 2. | ਨਵਾਂ ਕਾਲਜ ਖੋਲਣ ਲਈ ਪੰਜਾਬ ਸਰਕਾਰ ਤੋਂ ਲੋੜੀਂਦਾ NOC | |
| 3. | ਸੈਸ਼ਨ (ਜਿਸ ਸਾਲ ਤੋਂ ਸ਼ੁਰੂ ਕਰਨਾ ਹੈ) | |
| 4. | ਚਾਲੂ ਕੀਤੀਆਂ ਜਾਣ ਵਾਲੀਆਂ ਕਲਾਸਾਂ/ਵਿਸ਼ਿਆਂ ਦਾ ਵੇਰਵਾ | |
| 5. | ਜਿਨ੍ਹਾਂ ਕੋਰਸਾਂ ਸੈਂਟਰਲ ਏਜੰਸੀ (BCI/AICTE/NCTE etc.) ਦੀ ਅਪਰੂਵਲ ਦੀ ਲੋੜ ਹੁੰਦੀ ਹੈ, ਕੀ ਉਨ੍ਹਾਂ ਕੋਰਸਾਂ ਲਈ ਅਪਰੂਵਲ ਪ੍ਰਾਪਤ ਕੀਤੀ ਗਈ ਹੈ, ਜੇਕਰ ਹਾਂ ਤਾਂ ਅਪਰੂਵਲ ਦੀ ਕਾਪੀ ਨੱਥੀ ਕੀਤੀ ਜਾਵੇ। | |
| 6. | ਇਹ ਸਾਂਝੀ ਵਿਦਿਆ ਦਾ ਕਾਲਜ ਹੋਵੇਗਾ ਜਾਂ ਸਿਰਫ ਲੜਕੀਆਂ ਲਈ ਹੋਵੇਗਾ। | |
| 7. | ਕਾਲਜ ਦਾ ਦਰਜਾ<br>(ਸਰਕਾਰੀ/ਪ੍ਰਾਈਵੇਟ/ਏਡਿਡ) | |
| 8. | ਹੇਠ ਲਿਖੀਆਂ ਸਹੂਲਤਾਂ ਬਾਰੇ ਵੇਰਵਾ ਦਿੱਤਾ ਜਾਵੇ :<br>(ੳ) ਰੇਲਵੇ ਸਟੇਸ਼ਨ<br>(ਅ) ਬੱਸ ਆਉਂਦੀ/ਜਾਂਦੀ ਹੈ<br>(ੲ) ਡਾਕ ਘਰ<br>(ਸ) ਕਾਲਜ ਦਾ ਟੈਲੀਫੋਨ/ਪ੍ਰਿੰਸੀਪਲ/ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ/ਸਕੱਤਰ ਦੇ ਦਫਤਰ/ਘਰ ਦਾ ਨੰਬਰ | |
| 9. | **ਚੀਫ ਟਾਊਨ ਪਲਾਨਰ ਤੋਂ ਪ੍ਰਵਾਨਤ ਬਿਲਡਿੰਗ ਦਾ ਨਕਸ਼ਾ ਨੱਥੀ ਕੀਤਾ ਜਾਵੇ:**<br>ਉਪਲੱਬਧ ਬਿਲਡਿੰਗ ਦਾ ਵੇਰਵਾ :<br>(ੳ) ਪ੍ਰਿੰਸੀਪਲ ਦਾ ਦਫਤਰ<br>(ਅ) ਕਲਾਸ/ਕਮਰੇ (ਗਿਣਤੀ ਤੇ ਸਾਈਜ਼) (ਯੂ.ਜੀ.ਸੀ. ਨਾਰਮਜ਼ ਅਨੁਸਾਰ 10 ਸਕੁਏਅਰ ਫੁੱਟ ਕਿ ਵਿਦਿਆਰਥੀ ਜਗ੍ਹਾ ਹੋਣੀ ਚਾਹੀਦੀ ਹੈ।)<br>(ੲ) ਸਟਾਫ ਦਾ ਕਮਰਾ<br>(ਸ) ਲੜਕੀਆਂ/ਲੜਕਿਆਂ ਦਾ ਸਾਂਝਾ ਕਮਰਾ<br>(ਹ) ਲਾਇਬਰੇਰੀ (ਕਮਰਿਆਂ ਦਾ ਸਾਈਜ਼)<br>ਯੂ.ਜੀ.ਸੀ. ਨਾਰਮਜ਼ ਅਨੁਸਾਰ :<br>ਇਕ ਰੀਡਿੰਗ ਰੂਮ : 50' x 30'<br>ਇਕ ਪੀਰੀਆਡੀਕਲ ਰੂਮ : 30' x 20'<br>ਇਕ ਸਟੱਡੀ ਰੂਮ ਸਟਾਫ ਲਈ : 15' x 20'<br>(ਕ) ਲੈਬਾਰਟਰੀਜ਼ (ਸਾਇੰਸ)<br>(ਨਾਰਮਜ਼ ਅਨੁਸਾਰ 40 ਸਕੁਏਅਰ ਫੁਟ ਪ੍ਰਤਿ ਵਿਦਿਆਰਥੀ ਦੇ ਹਿਸਾਬ ਨਾਲ ਹੋਣਾ ਚਾਹੀਦਾ ਹੈ)<br>(ਖ) ਹੋਰ ਕਮਰੇ/ਸਟੋਰ ਆਦਿ<br>(ਗ) ਪਾਣੀ, ਬਿਜਲੀ ਅਤੇ ਪਿਸ਼ਾਬ ਘਰਾਂ ਆਦਿ ਬਾਰੇ ਵੇਰਵਾ<br>(ਘ) ਬਿਲਡਿੰਗ ਬਾਰੇ ਕੋਈ ਹੋਰ ਵੇਰਵਾ<br>(ਚ) ਕਾਨਫਰੰਸ ਹਾਲ (ਬੈਠਣ ਦੀ ਸਮਰਥਾ ਦਾ ਸਾਈਜ਼ ਦੱਸਿਆ ਜਾਵੇ)<br>(ਛ) ਸਮਾਟ ਕਲਾਸ/ਟੀਚਿੰਗ ਏਡ,ਐਲ ਸੀ ਡੀ,<br>**ਵਿਸ਼ੇਸ਼:** ਕੀ ਉਸਾਰੀ ਗਈ ਬਿਲਡਿੰਗ ਦਾ ਕੰਪਲੀਸ਼ਨ ਸਰਟੀਫਿਕੇਟ ਸਮਰਥ ਅਧਿਕਾਰੀ ਤੋਂ ਪ੍ਰਾਪਤ ਕਰ ਲਿਆ ਗਿਆ ਹੈ ? | |
| 10. | ਪ੍ਰਿੰਸੀਪਲ ਲਈ ਰਿਹਾਇਸ਼ ਦਾ ਪ੍ਰਬੰਧ<br>ਜਾਂ<br>ਕੀ ਪ੍ਰਬੰਧਕ ਕਮੇਟੀ ਕਾਲਜ ਦੇ ਨੇੜੇ (ਵੱਧ ਤੋਂ ਵੱਧ ਇਕ ਕਿਲੋਮੀਟਰ ਵਿਚ) ਪ੍ਰਿੰਸੀਪਲ ਦੀ ਰਿਹਾਇਸ਼ ਦਾ ਪ੍ਰਬੰਧ ਕਰੇਗੀ ਜਾਂ ਪ੍ਰਬੰਧਕ ਕਮੇਟੀ ਇਸ ਗੱਲ ਲਈ ਵਚਨਬੱਧ ਹੈ ? | |

11. ਕੀ ਕਾਲਜ ਕੋਲ ਲੋੜੀਂਦਾ ਫਰਨੀਚਰ ਹੈ ?
ਵੇਰਵੇ ਸਹਿਤ ਸਪਸ਼ਟ ਕੀਤਾ ਜਾਵੇ।

12. ਕਾਲਜ ਲਈ ਜ਼ਮੀਨ ਦਾ ਵੇਰਵਾ

(1) ਐਜੂਕੇਸ਼ਨ ਕਾਲਜਾਂ ਲਈ ਜ਼ਮੀਨ ਦੀ ਰਿਕੁਆਇਰਮੈਂਟ 2500 Sq. mt.

(2) ਪੰਜਾਬ ਸਰਕਾਰ (ਪੱਤਰ ਨੰ: 8/31/2016/4ਸਿ)/839266/6, ਮਿਤੀ 14.09.2016)/ਪੰਜਾਬੀ ਯੂਨੀਵਰਸਿਟੀ ਨਿਯਮਾਂ (ਸਿੰਡੀਕੇਟ ਮਿਤੀ 9.10.2018 ਪੈਰਾ ਨੰ (7)235 ਅਨੁਸਾਰ ਨਵੇਂ ਖੋਲੇ ਜਾਣ ਵਾਲੇ ਕਾਲਜਾਂ ਲਈ ਲੋੜੀਂਦੀ ਜ਼ਮੀਨ ਹੇਠ ਲਿਖੇ **ਅਨੁਸਾਰ ਜ਼ਮੀਨ ਦੀ ਤਸਦੀਕਸ਼ੁਦਾ ਕਾਪੀ ਅਤੇ latest ਜਮਾਬੰਦੀ ਦੀ ਕਾਪੀ ਨੱਥੀ ਕੀਤੀ ਜਾਵੇ** :

| **ਡਿਗਰੀ ਕਾਲਜ ਖੋਲਣ ਲਈ ਜ਼ਮੀਨ** | **ਕੇਵਲ ਕੁੜੀਆਂ ਦੇ ਕਾਲਜ ਲਈ** | **ਕੋ-ਐਡ ਕਾਲਜ ਲਈ** |
|---|---|---|
| ਮਿਉਂਸਪਲ ਕਾਰਪੋਰੇਸ਼ਨ ਦੀ ਹੱਦ ਅੰਦਰ | 3 ਏਕੜ | 3 ਏਕੜ |
| ਮਿਉਂਸਪਲ ਕਮੇਟੀ ਦੀ ਹੱਦ ਅੰਦਰ | 4 ਏਕੜ | 4 ਏਕੜ |
| ਮਿਉਂਸਪਲ ਕਮੇਟੀ ਦੀ ਹੱਦ ਤੋਂ ਬਾਹਰ | 4 ਏਕੜ | 5 ਏਕੜ |

(3) ਨਵੇਂ ਲਾਅ/ਫਿਜ਼ੀਕਲ ਐਜੂਕੇਸ਼ਨ ਕਾਲਜ ਲਈ ਲੋੜੀਂਦੀ ਜ਼ਮੀਨ ਹੇਠ ਲਿਖੇ ਅਨੁਸਾਰ ਹੋਵੇਗੀ :

| **ਪ੍ਰੋਫੈਸ਼ਨਲ ਕਾਲਜ ਖੋਲਣ ਲਈ ਜ਼ਮੀਨ** | **ਲਾਅ ਕਾਲਜ ਲਈ** | **ਫਿਜ਼ੀਕਲ ਐਜੂਕੇਸ਼ਨ ਕਾਲਜ ਲਈ** |
|---|---|---|
| ਮਿਉਂਸਪਲ ਕਾਰਪੋਰੇਸ਼ਨ ਦੀ ਹੱਦ ਅੰਦਰ | 2 ਏਕੜ | 5 ਏਕੜ |
| ਮਿਉਂਸਪਲ ਕਮੇਟੀ ਦੀ ਹੱਦ ਅੰਦਰ | 3 ਏਕੜ | 5 ਏਕੜ |
| ਮਿਉਂਸਪਲ ਕਮੇਟੀ ਦੀ ਹੱਦ ਤੋਂ ਬਾਹਰ | 5 ਏਕੜ | 5 ਏਕੜ |

**ਲੋੜੀਂਦੀ ਜ਼ਮੀਨ ਟਰਸਟ/ਸੰਸਥਾ/ਸੋਸਾਇਟੀ ਦੇ ਨਾਮ ਤੇ ਕਾਲਜ ਲਈ ਲੋੜੀਂਦੀ ਜ਼ਮੀਨ ਦਾ ਚੀਫ ਟਾਊਨ ਪਲਾਨਰ ਤੋਂ ਪ੍ਰਵਾਨਤ ਲੈਂਡ ਕਨਵਰਸ਼ਨ ਸਰਟੀਫੀਕੇਟ ਨੱਥੀ ਕੀਤਾ ਜਾਵੇ।**

**(ii) ਅਕਾਦਮਿਕ ਕੌਂਸਲ ਮਿਤੀ 19.3.2004 ਪੈਰਾ ਨੰ: 11 ਅਨੁਸਾਰ**

ਜੇਕਰ ਕਿਸੇ ਟਰੱਸਟ/ਸੰਸਥਾ/ਸੋਸਾਇਟੀ ਕੋਲ ਲੋੜੀਂਦੀ ਜ਼ਮੀਨ 99 ਸਾਲਾ ਪਟੇ (Lease) ਤੇ ਹੈ ਤਾਂ ਕਾਲਜ ਖੋਲਣ ਦੀ ਆਗਿਆ ਇਸ ਸ਼ਰਤ ਤੇ ਹੋਵੇਗੀ ਕਿ ਜੇਕਰ ਪਟੇ ਦੇ ਸਮੇਂ ਦੌਰਾਨ ਪਟਾ ਮਨਸੂਖ ਹੋ ਜਾਂਦਾ ਹੈ ਅਤੇ ਇਸ ਦੇ ਨਤੀਜੇ ਵੱਜੋਂ ਕਾਲਜ ਵਿੱਚ ਦਾਖਲ ਹੋਏ ਵਿਦਿਆਰਥੀਆਂ ਨੂੰ ਅਤੇ ਬਾਕੀ ਸਟਾਫ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਉਸਦੀ ਸਾਰੀ ਜ਼ਿੰਮੇਵਾਰੀ ਕਾਲਜ ਖੋਲਣ ਵਾਲੀ ਟਰੱਸਟ/ਸੰਸਥਾ/ਸੋਸਾਇਟੀ ਦੀ ਹੋਵੇਗੀ।

**ਨੋਟ: ਵੱਖ-ਵੱਖ ਕਾਲਜਾਂ ਲਈ ਉਪਰੋਕਤ ਲੋੜੀਂਦੀ ਜ਼ਮੀਨ ਜੋ ਇਕ ਟੱਕ (single piece) ਹੋਵੇ ਅਤੇ ਭਾਰ ਮੁਕਤ ਹੋਣ ਦਾ ਸਰਟੀਫਿਕੇਟ ਤਹਿਸੀਲਦਾਰ ਪਾਸੋਂ ਪ੍ਰਾਪਤ ਕਰਕੇ ਨਾਲ ਨੱਥੀ ਕੀਤਾ ਜਾਵੇ। ਕਾਲਜ ਲਈ ਲੋੜੀਂਦੀ ਜ਼ਮੀਨ ਦੇ ਕਿਹੜੇ ਕਿੱਲਾ/ਖਸਰਾ ਨੰ: ਤੇ ਬਿਲਡਿੰਗ ਦੀ ਉਸਾਰੀ ਕੀਤੀ ਗਈ ਹੈ, ਬਾਰੇ ਤਸੀਲਦਾਰ ਵੱਲੋਂ ਜਾਰੀ ਸਰਟੀਫਿਕੇਟ ਦੀ ਕਾਪੀ।**

13. ਕੀ ਕਾਲਜ ਵਲੋਂ ਇੰਡੋਮੈਂਟ ਫੰਡ ਦੀ ਰਕਮ ਐਫ.ਡੀ.ਆਰ. ਦੇ ਰੂਪ ਵਿਚ ਕੇਵਲ ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਜਮਾਂ ਕਰਵਾ ਦਿੱਤੀ ਜਾਵੇਗੀ।

14. ਕੀ ਕਾਲਜ ਪਾਸ ਅਜਿਹੇ ਵਸੀਲੇ ਉਪਲੱਬਧ ਹਨ ਜਿਨ੍ਹਾਂ ਨਾਲ ਕਾਲਜ ਦੀ ਮਾਇਕ ਹਾਲਤ ਠੀਕ ਬਣੀ ਰਹੇਗੀ? ਇਸ ਬਾਰੇ ਵੇਰਵੇ ਸਹਿਤ ਦੱਸਿਆ ਜਾਵੇ ਅਤੇ ਸਬੂਤ ਵਜੋਂ ਤਸਦੀਕਸ਼ੁਦਾ ਦਸਤਾਵੇਜ਼ ਨੱਥੀ ਕੀਤੇ ਜਾਣ।

ਕੀ ਕਾਲਜ ਦੇ ਨਾਮ ਬੈਂਕ ਕੋਲ ਕੋਈ ਹੋਰ ਪੈਸਾ ਜਮਾਂ ਹੈ ? ਇਸ ਬਾਰੇ ਸਬੂਤ ਨੱਥੀ ਕੀਤਾ ਜਾਵੇ।

15. ਕੀ ਟਰੱਸਟ/ਸੰਸਥਾ/ਸੋਸਾਇਟੀ ਵੱਲੋਂ ਮੰਗੇ ਗਏ ਕੋਰਸਾਂ ਵਿਸ਼ਿਆਂ ਲਈ UGC/BCI/AICTE/NCTE ਨਾਰਮਜ਼/ਸਿਲੇਬਸ ਅਨੁਸਾਰ ਲਾਇਬ੍ਰੇਰੀ ਵਿੱਚ ਕਿਤਾਬਾਂ,ਅਖਬਾਰ, ਰਸਾਲੇ, ਜਰਨਲਜ਼ ਆਦਿ ਉਪਲਬੱਧ ਕਰਵਾਏ ਜਾਣਗੇ ?

| | | |
|---|---|---|
| 16. | ਕਿਸੇ ਅਜਿਹੀ ਸੰਸਥਾ ਦੀ ਸੂਰਤ ਵਿਚ ਜਿਸ ਦੀ ਬੁਨਿਆਦ ਵਿਅਕਤੀਗਤ ਦਾਨੀ ਦੁਆਰਾ ਰੱਖੀ ਜਾਵੇ, ਟਰੱਸਟ ਵਸੀਕੇ ਲਈ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ (ਕੈਲੰਡਰ ਵਾਲਿਊਮ-1, 2006 ਪੰਨਾ 124 ਲੜੀ ਨੰਬਰ 15) **(ਜੇਕਰ ਸੰਸਥਾ ਦੀ ਬੁਨਿਆਦ ਕਿਸੇ ਵਿਅਕਤੀਗਤ ਦਾਨੀ ਦੁਆਰਾ ਨਹੀਂ ਰੱਖੀ ਗਈ ਹੈ ਤਾਂ ਹੇਠ ਲਿਖੇ ਅਨੁਸਾਰ ਦਸਤਾਵੇਜ਼ ਲੋੜੀਂਦੇ ਨਹੀਂ ਹੋਣਗੇ):**<br>i. ਕਿ ਟ੍ਰਸਟ ਦਾ ਬਾਨੀ ਧਰਮਾਰਥ ਵਿਚ ਦਿੱਤੀ ਸੰਪਤੀ ਦਾ ਵਾਹਦ ਅਤੇ ਪੂਰਨ ਮਾਲਕ ਹੈ।<br>ii. ਕਿ ਟ੍ਰਸਟ ਬਕਾਇਦਾ ਤੌਰ ਤੇ ਅਜਿਹੇ ਰਜਿਸਟਰਡ ਵਸੀਕੇ ਦੁਆਰਾ ਸਿਰਜਤ ਕੀਤਾ ਗਿਆ ਹੈ, ਜੋ ਅਕਾਦਮਿਕ ਕੌਂਸਲ ਦੁਆਰਾ ਪ੍ਰਵਾਨ ਕੀਤਾ ਗਿਆ ਹੋਵੇ।<br>iii. ਕਿ ਬਾਨੀ ਆਪਣੇ ਆਪ ਨੂੰ, ਆਪਣੇ ਵਾਰਸਾਂ ਨੂੰ ਅਤੇ ਸਾਧਕਾਂ ਨੂੰ ਧਰਮਾਰਥ ਕੀਤੀ ਸੰਪਤੀ ਵਿਚਲੇ ਸਾਰੇ ਹਿੱਤਾਂ ਤੋਂ ਸਥਾਈ ਤੌਰ ਤੇ, ਸਪੱਸ਼ਟ ਰੂਪ ਵਿਚ ਨਿਰਨਿਹਿਤ ਕਰਦਾ ਹੈ।<br>iv. ਕਿ ਧਰਮਾਰਥ ਕੀਤੀ ਗਈ ਸੰਪਤੀ ਸਥਾਈ ਅਤੇ ਕਤਈ ਤੌਰ ਤੇ ਟਰੱਸਟ ਦੇ ਪ੍ਰਯੋਜਨਾਂ ਲਈ ਸੰਯੁਕਤ ਰੂਪ ਵਿਚ ਟ੍ਰਸਟੀਆਂ ਵਿਚ ਨਿਹਿਤ ਕੀਤੀ ਗਈ ਹੈ।<br>v. ਕਿ ਟ੍ਰਸਟੀਆਂ ਦੇ ਬੋਰਡ ਘੱਟ ਤੋਂ ਘੱਟ ਸੱਤ ਮੈਂਬਰਾਂ ਤੋਂ ਮਿਲਕੇ ਬਣੇਗਾ ਜਿਸ ਵਿਚ ਘੱਟ ਤੋਂ ਘੱਟ ਪੰਜ ਮੈਂਬਰ ਸੁਤੰਤਰ ਵਿਅਕਤੀ ਹੋਣਗੇ ਜੋ ਟਰੱਸਟ ਦੇ ਬਾਨੀ ਦੇ ਕਿਸੇ ਤਰ੍ਹਾਂ ਰਿਸ਼ਤੇਦਾਰ ਜਾਂ ਉਸ ਤੇ ਆਸਰਿਤ ਨਾ ਹੋਣ।<br>vi. ਕਿ ਬੋਰਡ ਵਿਚ ਖਾਲੀ ਥਾਵਾਂ ਲਈ ਨਾਮਜ਼ਦਗੀਆਂ ਬੋਰਡ ਦੁਆਰਾ ਕੀਤੀਆਂ ਜਾਣ, ਨਾ ਕਿ ਬਾਨੀ ਦੁਆਰਾ ਅਤੇ ਅਜਿਹੀਆਂ ਨਾਮਜ਼ਦਗੀਆਂ ਦੀ ਰਿਪੋਰਟ ਅਕਾਦਮਿਕ ਕੌਂਸਲ ਨੂੰ ਤਤਕਾਲ ਦਿੱਤੀ ਜਾਵੇ।<br>vii. ਕਿ ਟਰੱਸਟ ਵਿਚ ਸ਼ਾਮਲ ਸਾਰੀਆਂ ਇਮਾਰਤਾਂ ਦਾ ਕਾਫੀ ਬੀਮਾ ਹੋਇਆ ਹੈ।<br>viii. ਕਿ ਬੋਰਡ ਦੀਆਂ ਕਾਰਵਾਈਆਂ ਦੀਆਂ ਨਕਲਾਂ ਅਤੇ ਟ੍ਰਸਟ ਦੀ ਸਾਲਾਨਾ ਆਮਦਨ ਅਤੇ ਖਰਚ ਦਾ ਵਿਵਰਣ ਅਕਾਦਮਿਕ ਕੌਂਸਲ ਨੂੰ ਦਿੱਤਾ ਗਿਆ ਹੈ।<br>- ਟਰਸੱਟ/ਸੰਸਥਾ/ਸੋਸਾਇਟੀ ਦਾ ਰਜਿਸਟ੍ਰੇਸ਼ਨ ਸਬੂਤ<br>- ਮੈਂਬਰਜ਼ ਦੀ ਸੂਚੀ (ਪੂਰਾ ਪਤਾ/ਫੋਨ ਨੰ: ਸਮੇਤ)<br>- ਨਵਾਂ ਕਾਲਜ ਖੋਲਣ ਲਈ ਪਾਸ ਕੀਤੇ ਗਏ ਮਤੇ ਦੀ ਕਾਪੀ (ਸਮੂਹ ਮੈਂਬਰਜ਼ ਦੇ ਦਸਖਤਾਂ ਸਮੇਤ) | |
| 17. | ਕੀ ਕਾਲਜ ਦੀ ਕੋਈ ਰਜਿਸਟਰਡ ਪ੍ਰਬੰਧਕ ਕਮੇਟੀ ਹੈ ? ਜੇਕਰ ਹੈ ਤਾਂ। ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਲਿਸਟ ਭੇਜੀ ਜਾਵੇ ? (ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਸਬੰਧੀ/ਲਈ ਬਿਨੈ ਪੱਤਰ ਦੇ ਪੈਰਾ 3 ਨੂੰ ਵੇਖੋ ) ਰਜਿਸਟਰੇਸ਼ਨ ਦੇ ਪੁੱਤਰ ਦੀ ਕਾਪੀ ਨਾਲ ਭੇਜੀ ਜਾਵੇ। | |
| 18. | ਕੀ ਕਾਲਜ ਨੇ ਪਹਿਲਾਂ ਕੋਈ ਮੈਂਬਰ ਰੱਖੇ ਹੋਏ ਹਨ? ਕੀ ਕਾਲਜ ਦੀ ਪ੍ਰਬੰਧਕ ਕਮੇਟੀ ਯੂਨੀਵਰਸਿਟੀ ਅਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾਵਾਂ ਅਨੁਸਾਰ ਸਟਾਫ ਦੀ ਨਿਯੁਕਤੀ ਕਰਨ ਅਤੇ ਯੂ.ਜੀ.ਸੀ. ਨਿਯਮਾਂ ਅਨੁਸਾਰ ਪੂਰਾ ਤਨਖਾਹ ਸਕੇਲ ਦੇਣ ਲਈ ਤਿਆਰ ਹੈ? | |
| 19. | ਕੀ ਕਾਲਜ ਦੇ ਪੰਜ ਮੀਲ ਦੇ ਫਾਸਲੇ ਤੇ ਕੋਈ ਹੋਰ ਕਾਲਜ ਹੈ? ਜੇਕਰ ਕੋਈ ਅਜਿਹਾ ਕਾਲਜ ਹੈ ਤਾਂ ਉਸ ਦਾ ਨਾਮ ਦੱਸਿਆ ਜਾਵੇ ਅਤੇ ਜੇਕਰ ਕੋਈ ਅਜਿਹਾ ਕਾਲਜ ਨਹੀਂ ਤਦ ਦੂਜੇ ਕਿਸੇ ਨਜਦੀਕ ਕਾਲਜ/ਕਾਲਜਾਂ ਦਾ ਨਾਂ ਦੱਸਿਆ ਜਾਵੇ ਅਤੇ ਇਨ੍ਹਾਂ ਦੀ ਕਾਲਜ ਤੋਂ ਦੂਰੀ ਵੀ ਦੱਸੀ ਜਾਵੇ। | |
| 20. | ਫਾਰਮ ਵਿੱਚ ਉਪਰੋਕਤ ਅਨੁਸਾਰ ਦਿੱਤੀ ਗਈ ਜਾਣਕਾਰੀ ਅਤੇ ਨੱਥੀ ਕੀਤੇ ਗਏ ਤਸਦੀਕਸ਼ੁਦਾ ਦਸਤਾਵੇਜ਼ ਠੀਕ ਹੋਣ ਅਤੇ ਯੂਨੀਵਰਸਿਟੀ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਟਰਸੱਟ/ਸੰਸਥਾ/ਸੋਸਾਇਟੀ ਦੇ ਪ੍ਰਧਾਨ/ਚੇਅਰਮੈਨ ਸਕੱਤਰ ਵਲੋਂ 25/- ਰੁ: ਦੇ ਅਸ਼ਟਾਮ ਤੇ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕਸ਼ੁਦਾ ਅਸਲ ਹਲਫੀਆ ਬਿਆਨ | |

**ਵਿਸ਼ੇਸ਼: ਫਾਰਮ ਵਿੱਚ ਦਰਜ ਪੂਰੀ ਜਾਣਕਾਰੀ (ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ) ਪ੍ਰਾਪਤ ਹੋਣ ਉਪਰੰਤ ਹੀ ਅਗਲੇਰੀ ਕਾਰਵਾਈ ਕਰਨੀ ਸੰਭਵ ਹੋਵੇਗੀ। ਪ੍ਰਾਪਤ ਹੋਏ ਅਧੂਰੇ ਫਾਰਮ/ਦਸਤਾਵੇਜ਼ਾਂ ਦੇ ਆਧਾਰ ਤੇ ਕੋਈ ਕਾਰਵਾਈ ਨਹੀ ਕੀਤੀ ਜਾਵੇਗੀ। ਇਸ ਸਬੰਧੀ ਵੱਖਰੇ ਤੌਰ ਤੇ ਸੂਚਿਤ ਨਹੀ ਕੀਤਾਂ ਜਾਵੇਗਾ।**

**ਪ੍ਰਧਾਨ/ਜਨਰਲ ਸਕੱਤਰ/ਸਕੱਤਰ**

<u>ਹਲਫੀਆ ਬਿਆਨ</u>

ਮੈਂ............................ਪੁੱਤਰ............................ਚੇਅਰਮੈਨ/ਪ੍ਰਧਾਨ...................... .................................................................................................................... (ਸੋਸਾਇਟੀ/ਟਰੱਸਟ ਦਾ ਨਾਮ) ਹਲਫ ਨਾਲ ਬਿਆਨ ਕਰਦਾ ਹਾਂ ਕਿ ਸੋਸਾਇਟੀ/ਟਰੱਸਟ ਵਲੋਂ ਸੈਸ਼ਨ ............ ਤੋਂ ਖੋਲ੍ਹਿਆ ਜਾ ਰਿਹਾ ਕਾਲਜ........................................................................................................................
ਪਹਿਲਾਂ ਕਿਸੇ ਹੋਰ ਯੂਨੀਵਰਸਿਟੀ/ਬੋਰਡ ਤੋਂ ਇਸੇ ਨਾਂ ਨਾਲ ਸਬੰਧਤ ਨਹੀਂ ਹੈ:

1. ਯੂਨੀਵਰਸਿਟੀ ਤੋਂ ਆਰਜ਼ੀ ਸਬੰਧਤਾ ਪੱਤਰ ਪ੍ਰਾਪਤ ਕੀਤੇ ਬਿਨਾਂ ਕਾਲਜ ਵਿਖੇ ਕਿਸੇ ਵੀ ਕੋਰਸ ਵਿੱਚ ਵਿਦਿਆਰਥੀਆਂ ਦੇ ਦਾਖਲੇ ਨਹੀਂ ਕੀਤੇ ਜਾਣਗੇ। ਜੇਕਰ ਕਾਲਜ ਵੱਲੋਂ ਯੂਨੀਵਰਸਿਟੀ ਤੋਂ ਆਰਜ਼ੀ ਸਬੰਧਤਾ ਪੱਤਰ ਪ੍ਰਾਪਤ ਕੀਤੇ ਬਿਨਾਂ (ਭਾਵ ਨਵਾਂ ਕਾਲਜ ਖੋਲ੍ਹਣ ਲਈ ਅਪਲਾਈ ਕਰਨ, ਮੁਆਇਨਾ ਹੋਣ ਜਾਂ ਮਾਮਲਾ ਵਿਚਾਰ ਅਧੀਨ ਹੋਣ ਦੇ ਆਧਾਰ ਤੇ) ਵਿਦਿਆਰਥੀਆਂ ਦੇ ਦਾਖਲੇ ਕੀਤੇ ਜਾਂਦੇ ਹਨ ਤਾਂ ਇਸ ਸਬੰਧੀ ਸਾਰੀ ਜਿੰਮੇਵਾਰੀ ਕਾਲਜ ਦੀ ਆਪਣੀ ਹੋਵੇਗੀ ਅਤੇ ਯੂਨੀਵਰਸਿਟੀ ਤੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਆਧਾਰ ਬਣਾ ਕੇ ਆਰਜ਼ੀ ਸਬੰਧਤਾ ਦੀ ਮੰਗ ਨਹੀਂ ਕੀਤੀ ਜਾਵੇਗੀ।
2. ਨਵਾਂ ਕਾਲਜ ਖੋਲ੍ਹਣ ਲਈ ਮੁਆਇਨਾ ਕਰਵਾਉਣ ਤੋਂ ਪਹਿਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੋੜੀਂਦੇ ਸਾਰੇ ਦਸਤਾਵੇਜ਼ (ਪੰਜਾਬ ਸਰਕਾਰ ਤੋਂ ਲੋੜੀਂਦਾ ਐਨ.ਓ.ਸੀ, ਬਿਲਡਿੰਗ ਦੇ ਨਕਸ਼ੇ ਦੀ ਪ੍ਰਵਾਨਗੀ ਅਤੇ ਲੋੜੀਂਦੀ ਜ਼ਮੀਨ ਦਾ ਕਨਰਵਰਸ਼ਨ ਸਰਟੀਫਿਕੇਟ ਚੀਫ ਟਾਊਨ ਪਲਾਂਨਰ ਤੋਂ ਪ੍ਰਾਪਤ ਕਰਨ ਸਮੇਤ) ਦੀ ਪੂਰਤੀ ਕਰਕੇ ਦਫਤਰ ਵਿਖੇ ਜਮਾਂ ਕਰਵਾਉਣ ਦੇ ਪਾਬੰਦ ਹੋਵਾਂਗੇ।
3. ਪ੍ਰਪੋਜ਼ਡ ਕਾਲਜ ਦੀ ਲੋੜੀਂਦੀ ਰਾਖਵੀਂ ਜ਼ਮੀਨ/ਬਿਲਡਿੰਗ/ਕੈਂਪਸ/ਚਾਰ ਦੀਵਾਰੀ ਵਿਚ ਕੋਈ ਹੋਰ ਵਿਦਿਅਕ ਅਦਾਰਾ/ਕੋਰਸ/ਆਈ.ਟੀ.ਆਈ/ਸਕੂਲ ਆਦਿ ਨਹੀਂ ਚਲਾਇਆ ਜਾਵੇਗਾ।
4. ਯੂਨੀਵਰਸਿਟੀ ਵਲੋਂ ਕਾਲਜ ਦੀ ਸਬੰਧਤਾ ਪ੍ਰਾਪਤ ਹੋਣ ਉਪਰੰਤ ਜੇਕਰ ਇਹ ਕਾਲਜ ਕਿਸੇ ਹੋਰ ਯੂਨੀਵਰਸਿਟੀ/ਬੋਰਡ ਨਾਲ ਸਬੰਧਤ ਰਹਿੰਦਾ ਹੈ ਜਾਂ ਕਾਲਜ ਲਈ ਰਾਖਵੀਂ ਜ਼ਮੀਨ/ਬਿਲਡਿੰਗ/ਕੈਂਪਸ ਵਿੱਚ ਕੋਈ ਹੋਰ ਵਿਦਿਅਕ ਅਦਾਰਾ/ਕੋਰਸ/ਸਕੂਲ ਆਦਿ ਚਲਾਇਆ ਜਾਂਦਾ ਹੈ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਕਾਲਜ ਨੂੰ ਪ੍ਰਦਾਨ ਕੀਤੀ ਗਈ ਆਰਜ਼ੀ ਸਬੰਧਤਾ ਰੱਦ ਕਰਨ ਤੇ ਮੈਨੇਜਮੈਂਟ ਨੂੰ ਕੋਈ ਇਤਰਾਜ ਨਹੀਂ ਹੋਵੇਗਾ ਅਤੇ ਜਮ੍ਹਾਂ ਕਰਵਾਈ ਗਈ ਪ੍ਰੋਸੈਸਿੰਗ/ਸਬੰਧਤਾ ਫੀਸਾਂ ਰੀਫੰਡ/ਐਡਜਸਟ ਕਰਨ ਦੀ ਮੰਗ ਨਹੀਂ ਕੀਤੀ ਜਾਵੇਗੀ।
5. ਸੋਸਾਇਟੀ/ਟਰੱਸਟ ਦੇ ਮੈਂਬਰਾਂ/ਅਹੁਦੇਦਾਰਾਂ ਦੇ ਆਪਸੀ ਕਿਸੇ ਚੋਣ/ਝਗੜੇ ਲਈ ਸੋਸਾਇਟੀ ਖੁਦ ਜ਼ਿੰਮੇਵਾਰ ਹੋਵੇਗੀ।
6. ਆਰਜੀ ਸਬੰਧਤਾ ਪ੍ਰਾਪਤ ਹੋਣ ਦੀ ਸੂਰਤ ਵਿਚ ਸੋਸਾਇਟੀ/ਟਰੱਸਟ ਯੂਨੀਵਰਸਿਟੀ ਵਲੋਂ ਲਗਾਈਆਂ ਸਾਰੀਆਂ ਹਦਾਇਤਾਂ/ਨਿਯਮਾਂ ਦੀ ਪਾਬੰਦ ਹੋਵੇਗੀ।
7. ਕਾਲਜ ਵਲੋਂ ਪੰਜਾਬ ਸਰਕਾਰ/ਯੂਨੀਵਰਸਿਟੀ ਵਲੋਂ ਨਿਰਧਾਰਤ ਨਿਯਮਾਂ/ਨਾਰਮਜ਼ ਅਨੁਸਾਰ ਹੀ ਫੀਸਾਂ ਵਿਦਿਆਰਥੀਆਂ ਕੋਲੋਂ ਵਸੂਲ/ਰੀਫੰਡ ਕੀਤੀਆਂ ਜਾਣਗੀਆਂ।
8. ਆਰਜ਼ੀ ਸਬੰਧਤਾ ਪੱਤਰ ਜਾਰੀ ਕਰਨ ਤੋਂ ਪਹਿਲਾਂ ਸੋਸਾਇਟੀ/ਟਰੱਸਟ ਵਲੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਕੋਰਸਾਂ/ਕਾਲਜ ਦੀ ਆਰਜ਼ੀ ਸਬੰਧਤਾ ਫੀਸ ਵਜੋਂ ਲੋੜੀਂਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਅਤੇ ਕਾਲਜ/ਕੋਰਸਾਂ ਦੀ ਇੰਡੋਮੈਂਟ ਫੰਡ ਵੱਜੋਂ ਲੋੜੀਂਦੀ ਅਸਲ ਐਫ.ਡੀ.ਆਰ ਕੇਵਲ ਡੀਨ, ਕਾਲਜ ਵਿਕਾਸ ਕੌਂਸਲ ਦੇ ਨਾਮ ਤੇ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵਾਂਗਾ। ਇੰਡੋਮੈਂਟ ਫੰਡ ਵੱਜੋਂ ਲੋੜੀਂਦੀ ਲੋੜੀਂਦੀ ਐਫ.ਡੀ.ਆਰ ਅਤੇ ਸਬੰਧਤਾ ਫੀਸਾਂ ਆਰਜ਼ੀ ਸਬੰਧਤਾ ਪੱਤਰ ਜਾਰੀ ਹੋਣ ਤੋ ਬਾਅਦ ਮਿਤੀ ਬੱਧ ਸਮੇਂ ਅੰਦਰ ਜਮਾਂ ਕਰਵਾਉਣ ਜਾਂ ਦੋ ਕਿਸ਼ਤਾਂ ਵਿੱਚ ਜਮਾਂ ਕਰਵਾਉਣ ਲਈ ਸਮੇਂ ਦੀ ਮੰਗ ਨਹੀਂ ਕੀਤੀ ਜਾਵੇਗੀ।
9. ਆਰਜ਼ੀ ਸਬੰਧਤਾ ਪ੍ਰਾਪਤ ਕਰਨ ਤੋਂ ਪਹਿਲਾਂ ਯੂਨੀਵਰਸਿਟੀ/ਯੂ.ਜੀ.ਸੀ/ਐਨ.ਸੀ.ਟੀ.ਈ/ਏ.ਆਈ.ਸੀ.ਟੀ.ਈ ਨਿਯਮਾਂ ਅਨੁਸਾਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ਼ ਦੀ ਨਿਯੁਕਤੀ ਯੂਨੀਵਰਸਿਟੀ ਸਿਲੈਕਸ਼ਨ ਕਮੇਟੀ ਰਾਹੀਂ ਕਰਵਾਈ ਜਾਵੇਗੀ ਅਤੇ ਅਪਰੂਵਲ ਬਾਰੇ ਵੇਰਵੇ ਸਹਿਤ ਸੂਚਨਾ/ਦਸਤਾਵੇਜ਼ ਦਫ਼ਤਰ ਨੂੰ ਭੇਜੇ ਜਾਣਗੇ।
10. ਯੂਨੀਵਰਸਿਟੀ ਵਲੋਂ ਕਾਲਜ ਨੂੰ ਜਾਰੀ ਕੀਤੇ ਆਰਜ਼ੀ ਸਬੰਧਤਾ ਪੱਤਰ ਵਿਚ ਦਰਜ ਸਾਰੀਆਂ ਸ਼ਰਤਾਂ/ਹਦਾਇਤਾਂ ਦੀ ਪਾਲਣਾ/ਪੂਰਤੀ ਕਾਲਜ ਵਲੋਂ ਨਿਰਧਾਰਤ ਸਮੇਂ ਵਿਚ ਕੀਤੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਕਾਲਜ ਦੇ ਖਿਲਾਫ ਨਿਯਮਾਂ ਅਧੀਨ ਕਾਰਵਾਈ ਕਰਨ ਦੇ ਸਮਰੱਥ ਹੋਵੇਗੀ।
11. ........................................................................................ ਕਾਲਜ ਖੋਲ੍ਹਣ ਸਬੰਧੀ ਪੰਜਾਬ ਸਰਕਾਰ ਤੋਂ ਲੋੜੀਂਦਾ ਐਨ.ਓ.ਸੀ, ਐਨ.ਸੀ.ਟੀ.ਈ/ਏ.ਆਈ.ਸੀ.ਟੀ.ਈ/ਬੀ.ਸੀ.ਆਈ ਦੀ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਨਾ ਹੋਣ, ਲੋੜੀਂਦੇ ਸਾਰੇ ਦਸਤਾਵੇਜ਼ਾਂ ਦੀ ਮੁਕੰਮਲ ਪੂਰਤੀ ਨਾ ਕਰਨ ਅਤੇ ਕਿਸੇ ਹੋਰ ਕਾਰਨ ਜੇਕਰ ਯੂਨੀਵਰਸਿਟੀ ਵੱਲੋਂ ਕਾਲਜ ਨੂੰ ਮੰਗੇ ਗਏ ਸੈਸ਼ਨ ਲਈ ਆਰਜ਼ੀ ਸਬੰਧਤਾ ਦੇਣ ਸਬੰਧੀ ਨਹੀਂ ਵਿਚਾਰਿਆ ਜਾਂਦਾ ਤਾਂ ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ ਅਤੇ ਭਵਿੱਖ ਵਿੱਚ ਨਵਾਂ ਕਾਲਜ਼ ਖੋਲ੍ਹਣ ਲਈ ਯੂਨੀਵਰਸਿਟੀ ਨਿਯਮਾਂ/ਨਿਰਧਾਰਤ ਮਿਤੀ/ਸਮੇਂ ਅਨੁਸਾਰ ਮੁੜ ਨਵੇਂ ਸਿਰੇ ਤੋਂ (ਪ੍ਰੋਸੈਸਿੰਗ ਫੀਸ, ਬਣਦੀ ਲੇਟ ਫੀਸ ਅਤੇ ਲੋੜੀਂਦੇ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਸਮੇਤ) ਅਪਲਾਈ ਕਰਨ ਦਾ ਪਾਬੰਦ ਹੋਵਾਂਗਾ।
12. ਸੋਸਾਇਟੀ/ਟਰੱਸਟ ਵਲੋਂ ਕਾਲਜ ਨੂੰ ਆਰਜ਼ੀ ਸਬੰਧਤਾ ਪ੍ਰਾਪਤ ਕਰਨ ਸਬੰਧੀ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾਏ ਗਏ ਸਾਰੇ ਦਸਤਾਵੇਜ਼ (ਲੋੜੀਂਦੀ ਜ਼ਮੀਨ ਆਦਿ ਸਬੰਧੀ ਸਮੇਤ) ਆਦਿ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਦੀਆਂ ਫੋਟੋਕਾਪੀਆਂ ਅਤੇ ਦਿੱਤੀ ਗਈ ਜਾਣਕਾਰੀ ਸਹੀ ਹੈ। ਇਸ ਦੇ ਮੁਆਇਨਾ ਕਰਨ ਸਮੇਂ/ਕਿਸੇ ਵੀ ਸਟੇਜ ਤੇ ਗਲਤ/ਝੂਠੀ ਪਾਏ ਜਾਣ ਦੀ ਸੂਰਤ ਵਿਚ ਯੂਨੀਵਰਸਿਟੀ ਦੁਆਰਾ ਕਾਲਜ ਨੂੰ ਆਰਜ਼ੀ ਸਬੰਧਤਾ ਲਈ ਵਿਚਾਰਿਆ ਜਾਦਾ ਜਾਂ/ਦਿੱਤੀ ਗਈ ਸਬੰਧਤਾ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਸੋਸਾਇਟੀ ਨੂੰ ਕੋਈ ਇਤਰਾਜ ਨਹੀਂ ਹੋਵੇਗਾ।

ਬਿਆਨਕਾਰ

ਮੈਂ ਹਲਫ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਉਕਤ ਅਨੁਸਾਰ ਲਿਖਿਆ ਬਿਆਨ ਸਹੀ ਵਾ ਦਰੁਸਤ ਹੈ ਅਤੇ ਇਸ ਵਿੱਚ ਕੋਈ ਵੀ ਗੱਲ ਲੁਕਾ ਛੁਪਾ ਕੇ ਨਹੀਂ ਰੱਖੀ ਗਈ।

ਬਿਆਨਕਾਰ

**ਨੋਟ:** ਉਕਤ ਅਨੁਸਾਰ ਲੋੜੀਂਦਾ ਅਸਲ ਹਲਫੀਆ ਬਿਆਨ ਸੋਸਾਇਟੀ ਦੇ ਪ੍ਰਧਾਨ/ਚੇਅਰਮੈਨ ਵਲੋਂ 25/- ਰੁ: ਦੇ ਅਸਟਾਮ ਤੇ ਫਸਟ ਕਲਾਸ ਮੈਜਿਸਟਰੇਟ ਤੋਂ ਤਸਦੀਕਸ਼ੁਦਾ ਦਿੱਤਾ ਜਾਵੇ। ਨੋਟਰੀ/ਓਥ ਕਮਿਸ਼ਨਰ/ਸਵੈਘੋਸ਼ਣਾ ਆਦਿ ਰਾਹੀਂ ਦਿੱਤਾ ਗਿਆ ਹਲਫੀਆ ਬਿਆਨ ਮੰਨਣਯੋਗ ਨਹੀਂ ਹੋਵੇਗਾ।